*G1 ਲਾਈਸੈਂਸ ਮਿਲਣ ਤੇ ਤੁਹਾਨੂੰ ਵਧਾਈ! ਹੁਣ ਸਮਾਂ ਆ ਗਿਆ ਹੈ ਡਰਾਈਵਰ ਵਜੋਂ ਤੁਹਾਡੀ ਸਿਖਲਾਈ ਬਾਰੇ ਸੋਚਣ ਦਾ। ਹਾਲਾਂਕਿ G1 ਰੋਡ ਟੈਸਟ ਲਈ ਇਹ ਲਾਜ਼ਮੀ ਨਹੀਂ ਹੈ ਪਰ ਸਹੀ ਤਰੀਕਾ ਮਿਨਿਸਟ੍ਰੀ ਆਫ ਟ੍ਰਾਂਸਪੋਰਟੇਸ਼ਨ (MTO) ਵਲੋਂ ਮਨਜ਼ੂਰਸ਼ੁਦਾ ਕੋਈ* ***ਸ਼ੁਰੂਆਤੀ ਡ੍ਰਾਈਵਰ ਸਿਖਲਾਈ*** *(BDE) ਕੋਰਸ ਕਰਨਾ ਹੋਵੇਗਾ।*

*ਜੇ ਤੁਸੀਂ MTO ਤੋਂ ਲਾਈਸੈਂਸ ਅਤੇ ਡ੍ਰਾਈਵਿੰਗ ਇੰਸਟ੍ਰਕਟਰ ਵਾਲੇ ਕਿਸੇ ਸਕੂਲ ਤੋਂ ਮਿਨਿਸਟ੍ਰੀ ਵਲੋਂ ਮਨਜ਼ੂਰਸ਼ੁਦਾ BDE ਕੋਰਸ ਪੂਰਾ ਕਰਨ ਵਿਚ ਕਾਮਯਾਬ ਹੁੰਦੇ ਹੋ ਤਾਂ ਤੁਸੀਂ G1 ਲੇਵਲ ਤੇ ਬਿਤਾਏ ਜਾਣ ਵਾਲੇ ਸਮੇਂ ਨੂੰ ਘੱਟ ਕਰਨ ਲਈ ਯੋਗ ਹੋ ਸਕਦੇ ਹੋ। ਮਿਨਿਸਟ੍ਰੀ ਵਲੋਂ ਮਨਜ਼ੂਰਸ਼ੁਦਾ BDE ਕੋਰਸ ਕਰਨ ਨਾਲ ਤੁਹਾਡੇ ਬੀਮੇ ਦੀਆਂ ਦਰਾਂ ਵਿਚ ਵੀ ਕਟੌਤੀ ਦੀ ਸੰਭਾਵਨਾ ਹੋ ਸਕਦੀ ਹੈ।*

*ਇਹ ਯਕੀਨੀ ਬਣਾਓ ਕਿ ਤੁਸੀਂ ਕਿਸੇ ਚੰਗੇ ਲਾਈਸੈਂਸਸ਼ੁਦਾ ਡ੍ਰਾਈਵਿੰਗ ਸਕੂਲ ਦੀ ਚੋਣ ਕਰੋ। ਜਿਹੜੇ ਸਕੂਲ MTO ਵਲੋਂ ਮਨਜ਼ੂਰਸ਼ੁਦਾ ਨਹੀਂ ਹਨ ਉਹਨਾਂ ਨੂੰ G1 ਡ੍ਰਾਈਵਰਾਂ ਨੂੰ ਸਿਖਲਾਈ ਦੇਣ ਦਾ ਅਧਿਕਾਰ ਨਹੀਂ ਹੈ। ਡ੍ਰਾਈਵਿੰਗ ਇੰਸਟ੍ਰਕਟਰਾਂ ਲਈ ਲਾਜ਼ਮੀ ਹੈ ਕਿ ਉਹ ਕਿਸੇ ਮਨਿਸਟ੍ਰੀ ਵਲੋਂ ਮਨਜ਼ੂਰਸ਼ੁਦਾ BDE ਕੋਰਸ ਲਈ ਕੰਮ ਕਰਨ। MTO ਵਲੋਂ ਮਨਜ਼ੂਰਸ਼ੁਦਾ BDE ਕੋਰਸ ਪ੍ਰੋਵਾਈਡਰਾਂ ਦਾ ਪਤਾ ਲਗਾਉਣ ਲਈ ਤੁਸੀਂ:*

1. Ontario.ca/bde *ਤੇ ਆਨਲਾਈਨ ਜਾ ਸਕਦੇ ਹੋ*
2. Driver.Education@ontario.ca *ਦੇ ਪਤੇ ਤੇ ਈਮੇਲ ਭੇਜ ਸਕਦੇ ਹੋ*
3. *ਜੇ ਤੁਸੀਂ ਚਾਹੋ ਤਾਂ ਕਲਾਸਰੂਮ ਵਿਚ ਅਤੇ ਸਟੀਅਰਿੰਗ ਤੇ ਸਿਖਲਾਈ ਦੇਣ ਵਾਲੇ ਇੰਸਟ੍ਰਕਟਰਾਂ ਨੂੰ ਮਿਲਣ ਦੀ ਬੇਨਤੀ ਕਰ ਸਕਦੇ ਹੋ।*

*ਯਾਦ ਰੱਖੋ, ਡ੍ਰਾਈਵਿੰਗ ਇੱਕ ਖਾਸ ਅਧਿਕਾਰ ਹੈ। ਨੌਰਥ ਅਮਰੀਕਾ ਵਿਚ ਓਨਟਾਰੀਓ ਦੀਆਂ ਸੜਕਾਂ ਨੂੰ ਸਭ ਤੋਂ ਸੁਰੱਖਿਅਤ ਬਣਾ ਕੇ ਰੱਖਣ ਵਿਚ ਸਾਡੀ ਮਦਦ ਕਰੋ।*